WORKSAFE BC
WORKING TO MAKE A DIFFERENCE
worksafebc.com

# WORKSAFE BULLETIN

# ਘਰਾਂ ਨੂੰ ਢਾਹੁਣ, ਮੁਰੰਮਤ ਕਰਨ, ਅਤੇ ਪੁਰਾਣੇ ਘਰਾਂ ਦਾ ਸਾਮਾਨ ਬਚਾਉਣ ਵਿਚ ਐਸਬੈਸਟਸ ਦੇ ਖਤਰੇ

## ਕੰਮ ਕਰਨ ਵਾਲੀਆਂ ਜਗ੍ਹਾਂ ਵਿੱਚ ਹੋਰ ਬਿਮਾਰੀਆਂ ਨਾਲੋਂ ਐਸਬੈਸਟਸ ਜ਼ਿਆਦਾ ਕਾਮਿਆਂ ਦੀਆਂ ਮੌਤਾਂ ਲਈ ਜ਼ਿੰਮੇਵਾਰ ਹੈ।

ਐਸਬੈਸਟਸ ਇਕ ਖਤਰਨਾਕ ਚੀਜ਼ ਹੈ। ਐਸਬੈਸਟਸ ਵਾਲੀਆਂ ਵਸਤਾਂ ਵਾਲੇ ਘਰਾਂ ਦੀ ਢਹਾਈ ਜਾਂ ਮੁਰੰਮਤ, ਐਸਬੈਸਟਸ ਦਾ ਘੱਟਾ ਛੱਡ ਸਕਦੀ ਹੈ, ਜਿਹੜਾ ਕਿ ਬਹੁਤ ਹੀ ਬਾਰੀਕ ਹੁੰਦਾ ਹੈ ਅਤੇ ਇਹ ਹਵਾ ਵਿਚ ਘੰਟਿਆਂ ਲਈ ਰਹਿ ਸਕਦਾ ਹੈ।

ਐਸਬੈਸਟਸ ਦੇ ਘੱਟੇ ਵਾਲੀ ਹਵਾ ਵਿਚ ਸਾਹ ਲੈਣ ਵਾਲੇ ਅਸੁਰੱਖਿਅਤ ਕਾਮੇ ਸਾਹ ਰਾਹੀਂ ਘੱਟਾ ਆਪਣੇ ਅੰਦਰ ਲਿਜਾ ਸਕਦੇ ਹਨ। ਇਸ ਨਾਲ ਸਿਹਤ ਦੀਆਂ ਗੰਭੀਰ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ - ਜਿਸ ਵਿਚ *ਫੇਫੜਿਆਂ ਦੀ ਬੀਮਾਰੀ* ਅਤੇ *ਕੈਂਸਰ* ਵੀ ਸ਼ਾਮਲ ਹਨ।

### ਐਸਬੈਸਟਸ ਕੀ ਹੈ?

ਐਸਬੈਸਟਸ ਇਕ ਮਜ਼ਬੂਤ, ਅੱਗ ਨਾ ਲੱਗਣ ਵਾਲਾ ਮਿਨਰਲ ਫਾਈਬਰ (ਖਣਿਜ ਤੰਤੂ) ਹੈ। ਬੀਤੇ ਸਮੇਂ ਦੌਰਾਨ, ਐਸਬੈਸਟਸ ਦੀ ਵਰਤੋਂ, ਗਰਮੀ ਜਾਂ ਰੌਲੇ ਜਾਂ ਅੱਗ ਤੋਂ ਬਚਾਉ ਲਈ ਇਨਸੁਲੇਸ਼ਨ ਦੇ ਤੌਰ ਤੇ ਕੀਤੀ ਜਾਂਦੀ ਸੀ। ਇਹ ਸੀਮਿੰਟ ਅਤੇ ਪਲਾਸਤਰ ਨੂੰ ਹੋਰ ਮਜ਼ਬੂਤ ਕਰਨ ਲਈ ਵੀ ਇਨ੍ਹਾਂ ਵਿਚ ਪਾਇਆ ਜਾਂਦਾ ਸੀ।

### ਪੁਰਾਣੇ ਘਰਾਂ ਵਿਚ ਐਸਬੈਸਟਸ ਦੀ ਵਰਤੋਂ ਕਿੱਥੇ ਕੀਤੀ ਜਾਂਦੀ ਸੀ?

1980ਵਿਆਂ ਦੇ ਅਖੀਰ ਤੱਕ, ਐਸਬੈਸਟਸ ਵਾਲੀਆਂ 3,000 ਤੋਂ ਵੀ ਜ਼ਿਆਦਾ ਵਸਤਾਂ ਘਰਾਂ ਦੀ ਉਸਾਰੀ ਵਿਚ ਵਰਤੀਆਂ ਜਾਂਦੀਆਂ ਸਨ। ਇਸ ਸਫੇ ਦੇ ਦੂਜੇ ਪਾਸੇ ਦਿੱਤਾ ਨਕਸ਼ਾ ਐਸਬੈਸਟਸ ਦੇ ਸੰਭਵ ਸੋਮਿਆਂ ਬਾਰੇ ਦੱਸਦਾ ਹੈ ਜਿਹੜੇ ਕਦੇ ਰਿਹਾਇਸ਼ੀ ਉਸਾਰੀ ਵਿਚ ਆਮ ਹੀ ਵਰਤੇ ਜਾਂਦੇ ਸਨ। ਪੁਰਾਣੇ ਘਰਾਂ ਨੂੰ ਢਾਹੁਣ ਵੇਲੇ, ਐਸਬੈਸਟਸ ਵਾਲੀਆਂ ਚੀਜ਼ਾਂ ਦਾ ਸਾਹਮਣਾ ਹੋਣ ਦੀ ਕਾਫੀ ਸੰਭਾਵਨਾ ਹੁੰਦੀ ਹੈ, ਜਿਹੜਾ ਕਿ ਐਸਬੈਸਟਸ ਦੇ ਘੱਟੇ ਵਾਲੀਆਂ ਚੀਜ਼ਾਂ ਹਵਾ ਵਿਚ ਛੱਡ ਸਕਦੀ ਹੈ।

### ਇਮਪਲੌਏਅਰ ਜਾਂ ਮਾਲਕ/ਬਿਲਡਰ ਦੇ ਤੌਰ ਤੇ ਮੇਰੀਆਂ ਜ਼ਿੰਮੇਵਾਰੀਆਂ ਕੀ ਹਨ?

ਇਮਪਲੌਏਅਰ ਅਤੇ ਮਾਲਕ/ਬਿਲਡਰ, ਇਮਪਲੌਏਅਰ ਲਈ ਕੰਮ ਕਰਦੇ ਸਾਰੇ ਕਾਮਿਆਂ ਅਤੇ ਕੰਮ ਵਾਲੀ ਥਾਂ ਤੇ ਮੌਜੂਦ ਹੋਰ ਕਾਮਿਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹਨ। ਉਹ ਜਨਤਾ ਦੀ ਹਿਫਾਜ਼ਤ ਕਰਨ ਲਈ ਵੀ ਜ਼ਿੰਮੇਵਾਰ ਹਨ।

ਵਰਕਸੇਫਬੀ.ਸੀ. ਨੇ ਖਾਸ ਨਿਯਮ ਬਣਾਏ ਹੋਏ ਹਨ ਜਿਨ੍ਹਾਂ ਦੀ ਪਾਲਣਾ ਇਨ੍ਹਾਂ ਦੇ ਸਬੰਧ ਵਿਚ ਕੀਤੀ ਜਾਣੀ ਜ਼ਰੂਰੀ ਹੈ:

- ਢਹਾਈ (ਹਿੱਸਾ 20 ਆਕੂਪੇਸ਼ਨਲ ਹੈਲਥ ਐਂਡ ਸੇਫਟੀ ਰੈਗੂਲੇਸ਼ਨ)
- ਐਸਬੈਸਟਸ (ਹਿੱਸਾ 6 ਆਕੂਪੇਸ਼ਨਲ ਹੈਲਥ ਐਂਡ ਸੇਫਟੀ ਰੈਗੂਲੇਸ਼ਨ)

### ਬਿਲਡਿੰਗਾਂ ਜਾਂ ਢਾਂਚਿਆਂ ਦੀ ਢਹਾਈ, ਮੁਰੰਮਤ ਜਾਂ ਪੁਰਾਣੇ ਘਰਾਂ ਦਾ ਸਾਮਾਨ ਬਚਾਉਣ ਦਾ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਮੈਨੂੰ ਕੀ ਕਰਨ ਦੀ ਲੋੜ ਹੈ?

ਵਰਕਸੇਫਬੀ.ਸੀ. ਓ.ਐੱਚ.ਐੱਸ. ਗਾਈਡ-ਲਾਈਨ G20.112 ਬੇਕਾਬੂ ਐਸਬੈਸਟਸ ਦੇ ਛਡਣ ਦੇ ਖਤਰਿਆਂ ਬਾਰੇ ਦਸਦੀ ਹੈ। ਇਹ ਮਾਲਕਾਂ, ਇਮਪਲੌਏਅਰਜ਼, ਕਨਸਲਟੈਂਟਾਂ, ਕਾਮਿਆਂ ਅਤੇ ਹੋਰ ਇਸ ਕੰਮ ਵਿੱਚ ਲਗੇ ਹੋਇਆਂ ਵਾਸਤੇ ਜਾਣਕਾਰੀ ਦੇਂਦੀ ਹੈ ਕਿ:

- ਐਸਬੈਸਟਸ ਦੀ ਇਨਸਪੈਕਸ਼ਨ ਵਿੱਚ ਕੀ ਹੁੰਦਾ ਹੈ
- ਐਸਬੈਸਟਸ ਦੀ ਸੁਰੱਖਿਅਤ ਨਿਕਾਸੀ ਦਾ ਬੰਦੋਬਸਤ ਕਰਨਾ ਅਤੇ ਉਸ ਬਾਰ ਜਾਣਕਾਰੀ ਦੇਣਾ
- ਜੇ ਕਰ ਢਾਹਣ ਵੇਲੇ ਜਾਂ ਸਮਾਨ ਬਚਾਉਣ ਵੇਲੇ ਹੋਰ ਐਸਬੈਸਟਸ ਵਾਲੀਆਂ ਚੀਜ਼ਾਂ ਦਾ ਸੱਹਮਣਾ ਹੋਵੇ ਤਾਂ ਕੀ ਕਰਨਾ ਚਾਹੀਦਾ ਹੈ।

ਇਮਪਲੌਏਅਰ, ਮਾਲਕ/ਬਿਲਡਰ, ਏਜੰਟ, ਜਾਂ ਪ੍ਰਾਪਰਟੀ ਮੈਨੇਜਰ ਲਈ ਕਿਸੇ ਯੋਗਤਾ ਪ੍ਰਾਪਤ ਵਿਅਕਤੀ ਤੋਂ ਸਥਾਨ ਦੀ ਕਿਸੇ ਸੰਭਵ ਐਸਬੈਸਟਸ ਲਈ ਪੜਤਾਲ ਕਰਵਾਉਣਾ ਜ਼ਰੂਰੀ ਹੈ ਜਿਸ ਨੂੰ ਕਿ ਛੂਹਿਆ, ਹਿਲਾਇਆ ਜਾਂ ਹਟਾਇਆ ਜਾ ਸਕਦਾ ਹੈ। ਓ.ਐੱਚ.ਐੱਸ. ਗਾਈਡ-ਲਾਈਨ G6.6-3 ਐਸਬੈਸਟਸ ਦੇ ਖਤਰਿਆਂ ਦੀ ਪਰਕ ਕਰਨ ਵਾਲੇ ਵਿਅੱਕਤੀ ਦੀ ਯੋਗਤਾ ਬਾਰੇ ਦਸਦੀ ਹੈ।

### ਜੇ ਮੈਨੂੰ ਐਸਬੈਸਟਸ ਵਾਲੀ ਚੀਜ਼ (ਏ.ਸੀ.ਐੱਮ.) ਲੱਭੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

1. ਢਹਾਈ, ਮੁਰੰਮਤ ਜਾਂ ਪੁਰਾਣੇ ਘਰਾਂ ਦਾ ਸਾਮਾਨ ਬਚਾਉਣ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਸਾਰਾ ਏ.ਸੀ.ਐੱਮ. ਸਾਰੀ ਟਰੇਂਡ ਅਤੇ ਯੋਗਤਾ ਪ੍ਰਾਪਤ ਵਰਕਰਾਂ ਦੁਆਰਾ ਹਟਾਇਆ ਜਾਣਾ ਚਾਹੀਦਾ ਹੈ।
2. ਐਸਬੈਸਟਸ ਹਟਾਉਣ, ਢਾਹੁਣ, ਮੁਰੰਮਤ ਕਰਨ, ਜਾਂ ਪੁਰਾਣੇ ਘਰਾਂ ਦਾ ਸਾਮਾਨ ਬਚਾਉਣ ਦਾ ਕੰਮ ਸ਼ੁਰੂ ਕਰਨ ਤੋਂ ਘੱਟੋ ਘੱਟ 24 ਘੰਟੇ ਪਹਿਲਾਂ, ਐਸਬੈਸਟਸ ਦੇ ਪ੍ਰੋਜੈਕਟ ਦਾ ਨੋਟਿਸ (ਨੋਪਾ), ਵਰਕਰਜ਼ ਕੰਪਨਸੇਸ਼ਨ ਬੋਰਡ ਨੂੰ ਦਿੱਤਾ ਜਾਣਾ ਜ਼ਰੂਰੀ ਹੈ।
3. ਐਸਬੈਸਟਸ ਦੇ ਹਟਾਏ ਜਾਣ ਤੋਂ ਬਾਅਦ ਮਾਲਕ ਜਾਂ ਇਮਪਲੌਏਅਰ ਨੂੰ ਲਿਖਤੀ ਰੂਪ ਵਿੱਚ ਪਤਰ ਮਿਲਨਾ ਚਾਹੀਦਾ ਹੈ ਕਿ ਨੋਪਾ (NOPA) ਮੁਤਾਬਕ ਹਟਾਇਆ ਜਾਣ ਵਾਲਾ ਐਸਬੈਸਟਸ ਠੀਕ ਤਰੀਕੇ ਨਾਲ ਹਟਾਇਆ ਗਿਆ ਹੈ।

ਐਸਬੈਸਟਸ ਦਾ ਪਤਾ ਲਾਉਣ ਵਾਲੀਆਂ ਅਤੇ ਇਸ ਨੂੰ ਹਟਾਉਣ ਵਾਲੀਆਂ ਕੰਪਨੀਆਂ ਦੇ ਨਾਂ ਫੋਨ ਬੁੱਕ ਦੇ ਪੀਲੇ ਪੰਨਿਆਂ ਤੇ Asbestos Abatement & Removal, Health & Safety Consultants or Environmental Consultants ਹੇਠ ਦੇਖੀਆਂ ਜਾ ਸਕਦੀਆਂ ਹਨ।

ਜੇ ਐਸਬੈਸਟਸ ਵਾਲੀ ਸਾਮੱਗਰੀ ਦਾ ਪਤਾ ਕੰਮ ਕਰਨ ਦੌਰਾਨ ਲੱਗੇ, ਜਿਸ ਦਾ ਪਤਾ ਜਾਂਚ-ਪੜਤਾਲ (ਇਨਸਪੈਕਸ਼ਨ) ਦੌਰਾਨ ਨਹੀਂ ਲੱਗਾ ਸੀ ਤਾਂ **ਕੰਮ ਫੌਰਨ ਬੰਦ ਕਰ ਦਿਓ!** ਕੰਮ ਦੁਬਾਰਾ ਸ਼ੁਰੂ ਕਰਨ ਤੋਂ ਪਹਿਲਾਂ ਟਰੇਂਡ ਅਤੇ ਯੋਗਤਾ ਪ੍ਰਾਪਤ ਕਾਮਿਆਂ ਤੋਂ ਇਹ ਸਾਮੱਗਰੀ ਹਟਵਾਓ।

### ਐਸਬੈਸਟਸ ਅਤੇ ਨੋਪਾ (NOPA) ਫਾਰਮਾਂ ਬਾਰੇ ਮੈਨੂੰ ਜ਼ਿਆਦਾ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

WorkSafeBC.com ਤੇ ਹੇਠ ਲਿਖੀਆਂ ਸਰੋਤਾਂ ਦੱ ਪਤਾ ਲਗਦਾ ਹੈ:

- ਕਿਤਾਬਚਾ *Safe Work Practices for Handling Asbestos*
- ਕੰਮ ਵਾਲੀ ਜਗ੍ਹਾ ਤੇ ਸੁਰੱਖਿਆ
- ਓ.ਐੱਚ.ਐੱਸ. ਗਾਈਡ-ਲਾਈਨ G6.8: Procedures for abatement of asbestos-containing material (ACM) during house and building demolition/renovation
- Notice of Project Form for Asbestos or Lead
  ਫੋਨ: 1 866 319-9704
  ਫੈਕਸ: 604 232-9703, ਟੋਲ-ਫਰੀ ਫੈਕਸ 1 888 232-9714
  ਈ-ਮੇਲ: customer.service@worksafebcstore.com

# ਘਰ ਵਿੱਚ ਐਸਬੈਸਟਸ ਹੋਣ ਦੇ ਸੰਭਾਵਿਤ ਸਰੋਤ




ਕਿਰਪਾ ਕਰਕੇ ਨੋਟ ਕਰੋ: ਇਹ ਇੱਕ ਪੁਰਾਣੇ ਘਰ ਦਾ ਨਕਸ਼ਾ ਹੈ। ਐਸਬੈਸਟਸ ਦੀ ਵਰਤੋਂ ਕਾਫ਼ੀ ਘਟ ਗਈ ਹੈ; 1990 ਤੋਂ ਪਹਿਲਾਂ ਬਣੇ ਘਰਾਂ ਵਿੱਚ ਐਸਬੈਸਟਸ ਵਾਲੀਆਂ ਚੀਜ਼ਾਂ ਦੀ ਸੰਭਾਵਨਾ ਜ਼ਿਆਦਾ ਹੈ।

WORKSAFEBC
WORKING TO MAKE A DIFFERENCE
worksafebc.com


ਵਰਕਸੇਫਬੀ.ਸੀ. ਦੀ ਰੋਕਥਾਮ ਜਾਣਕਾਰੀ ਲਾਈਨ: 604 276-3100 ਜਾਂ ਟੋਲ-ਫਰੀ: 1 888 621-SAFE(7233)





Revised March 2011
WS 03-03P